ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-3 ਸ਼ਾਖਾ)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.),
ਪੰਜਾਬ।

ਮੀਮੋ ਨੰ:3/41/2019-3ਸਿ3/2020165/1-22
ਮਿਤੀ.ਚੰਡੀਗੜ੍ਹ: 11.2.2020

ਵਿਸ਼ਾ:- ਸੀ.ਬੀ.ਐਸ.ਈ./ਆਈ.ਸੀ.ਐਸ.ਈ. ਬੋਰਡ ਤੋਂ ਮਾਨਤਾ ਪ੍ਰਾਪਤ ਸਕੂਲਾ ਨੂੰ ਸਰਕਾਰ ਪਾਸੋ ਇਤਰਾਜਹੀਣਤਾ ਸਰਟੀਫਿਕੇਟ ਲੈਣ ਸਬੰਧੀ।

.........

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਸਮੇਂ ਦੌਰਾਨ ਸੀ.ਬੀ.ਐਸ.ਈ. ਬੋਰਡ ਵੱਲੋ ਸਕੂਲਾਂ ਨੂੰ ਸਰਕਾਰ ਪਾਸੋਂ ਇਤਰਾਜਹੀਣਤਾ ਸਰਟੀਫਿਕੇਟ ਪ੍ਰਾਪਤ ਕੀਤੇ ਬਿਨ੍ਹਾਂ, RTE Act ਅਧੀਨ ਮਾਨਤਾ ਪ੍ਰਾਪਤ ਹੋਣ ਤੇ ਹੀ ਐਫੀਲੀਏਸ਼ਨ ਦਿੱਤੀ ਜਾਂਦੀ ਸੀ। ਉਸ ਉਪਰੰਤ ਸੀ.ਬੀ.ਐਸ.ਈ. ਵੱਲੋਂ ਮੁੜ ਤੋਂ ਐਨ.ਓ.ਸੀ. ਦੀ ਸ਼ਰਤ ਲਾਗੂ ਕਰ ਦਿੱਤੀ ਗਈ। ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਜਿਲ੍ਹੇ ਵਿੱਚ ਜਿਹੜੇ ਸਕੂਲ ਸੀ.ਬੀ.ਐਸ.ਈ./ਆਈ.ਸੀ.ਐਸ.ਈ ਬੋਰਡ ਤੋਂ ਐਫੀਲੀਏਟਡ ਹਨ ਅਤੇ ਜਿਹਨਾਂ ਨੇ RTE Act 2009 ਅਧੀਨ ਮਾਨਤਾ ਪ੍ਰਾਪਤ ਕੀਤੀ ਹੋਈ ਹੈ ਪਰੰਤੂ ਸਰਕਾਰ ਪਾਸੋਂ ਐਨ.ਓ.ਸੀ. ਨਹੀਂ ਪ੍ਰਾਪਤ ਕੀਤੀ ਹੋਈ, ਉਹਨਾਂ ਦੇ ਕੇਸ ਵਿੱਚ ਸਰਕਾਰ ਦੀ ਪ੍ਰਵਾਨਗੀ ਤੋਂ ਬਿਨ੍ਹਾ extension/upgradation ਲਈ ਸਿਫਾਰਿਸ਼ ਨਾ ਕੀਤੀ ਜਾਵੇ। ਇਹਨਾਂ ਸਕੂਲਾਂ ਨੂੰ ਇਕ ਸਾਲ ਦਾ ਸਮਾ ਦਿੰਦੇ ਹੋਏ ਐਨ.ਓ.ਸੀ. ਪ੍ਰਾਪਤ ਕਰਨ ਲਈ ਲਿਖਿਆ ਜਾਵੇ ਅਤੇ ਜੇਕਰ ਇਹ ਸਕੂਲ ਨਿਸਚਿਤ ਸਮੇਂ ਅੰਦਰ ਨਹੀ ਅਪਲਾਈ ਕਰਦੇ ਤਾਂ ਇਹਨਾਂ ਸਕੂਲਾਂ ਦੀ RTE Act, 2009 ਅਧੀਨ ਦਿੱਤੀ ਮਾਨਤਾ ਰੱਦ ਕਰ ਦਿੱਤੀ ਜਾਵੇ।

3. ਸਰਕਾਰ ਦੇ ਧਿਆਨ ਵਿੱਚ ਇਹ ਵੀ ਆਇਆ ਹੈ ਕਿ ਸਕੂਲਾ ਵੱਲੋਂ 8ਵੀ ਪੱਧਰ ਤੱਕ ਦਾ ਹੀ ਰਿਜ਼ਰਵ ਫੰਡ ਜਮ੍ਹਾ ਕਰਵਾ ਕੇ ਐਨ.ਓ.ਸੀ. ਪ੍ਰਾਪਤ ਕੀਤੀ ਹੋਈ ਹੈ ਅਤੇ ਉਸ ਉਪਰੰਤ ਅਪਗ੍ਰੇਡੇਸ਼ਨ ਸਮੇ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਦਾ ਬਣਦਾ ਰਿਜ਼ਰਵ ਫੰਡ ਜਮ੍ਹਾ ਨਹੀਂ ਕਰਵਾਇਆ ਜਾਂਦਾ। ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਦੋ ਸਕੂਲ ਦੀ extension/upgradation ਦੀ ਸਿਫਾਰਿਸ਼ ਕਰਦੇ ਹੋ ਤਾਂ ਪਹਿਲਾਂ ਇਹ ਵੇਰੀਫਾਈ ਕੀਤਾ ਜਾਵੇ ਕਿ ਜਿਸ ਪੱਧਰ ਤੱਕ ਸਕੂਲ ਬੋਰਡ ਨਾਲ ਐਫੀਲੀਏਟਡ ਹੈ, ਉਸ ਪੱਧਰ ਤੱਕ ਸਰਕਾਰ ਦੀ ਪਾਲਿਸੀ ਅਨੁਸਾਰ ਬਣਦਾ ਰਿਜ਼ਰਵ ਫੰਡ ਜਮ੍ਹਾ ਕਰਵਾਇਆ ਹੋਇਆ ਹੈ। ਜੇਕਰ ਨਹੀਂ ਤਾਂ ਬਣਦਾ ਰਿਜ਼ਰਵ ਫੰਡ ਜਮ੍ਹਾ ਕਰਵਾਇਆ ਜਾਵੇ ਅਤੇ ਵੇਰੀਫਾਈ ਕਰਨ ਉਪਰੰਤ ਹੀ ਸਿਫਾਰਿਸ਼ ਪੱਤਰ ਤਸਦੀਕ ਕੀਤਾ ਜਾਵੇ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

ਪਿ.ਅੰ.ਨੰ. 3/41/2019-3ਸਿ3/

ਮਿਤੀ.ਚੰਡੀਗੜ੍ਹ:

ਉਪਰੋਕਤ ਦਾ ਇਕ ਉਤਾਰਾ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ, ਮੋਹਾਲੀ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿਤ ਭੇਜੀ ਜਾਂਦਾ ਹੈ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

# ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:) ਜਲੰਧਰ

(Email id : general.deosejalandhar@gmail.com)

ਸੇਵਾ ਵਿਖੇ

ਪ੍ਰਿੰਸੀਪਲ /ਮੁੱਖ ਅਧਿਆਪਕ (ਸਬੰਧਤ)
ਪ੍ਰਾਈਵੇਟ ਸਕੂਲ ਜਿਲ੍ਹਾ ਜਲੰਧਰ ।
ਪੱਤਰ ਨੰ ਜੀ-6/2020-66306
ਮਿਤੀ ਜਲੰਧਰ 20/2/2020

ਵਿਸ਼ਾਂ: ਸੀ.ਬੀ.ਐਸ.ਈ/ਆਈ.ਸੀ.ਐਸ.ਈ ਬੋਰਡ ਤੋ ਮਾਨਤਾ ਪ੍ਰਾਪਤ ਸਕੂਲਾਂ ਨੂੰ ਸਰਕਾਰ ਪਾਸੋ ਇਤਰਾਜਹੀਣਤਾ ਸਰਟੀਫਿਕੇਟ ਲੈਣ ਸਬੰਧੀ ।

ਹਵਾਲਾ: ਪੰਜਾਬ ਸਰਕਾਰ ਸਿੱਖਿਆ -3 ਸਾਖਾ-ਜੀ ਦੇ ਮੀਮੋ ਨੰ 3/41-2019-3ਸਿ3/2020165/1-22 ਮਿਤੀ ਚੰਡੀਗੜ੍ਹ 11.2.2020 ਦੇ ਸਬੰਧ ਵਿੱਚ ।

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਜੀ ਨੂੰ ਸਰਕਾਰ ਵੱਲੋ ਜਾਰੀ ਹੋਇਆ ਪੱਤਰ ਭੇਜ਼ ਕੇ ਲਿਖਿਆ ਜਾਂਦਾ ਹੈ ਜੇਕਰ ਆਪ ਵੱਲੋ ਕੇਵਲ ਆਰ.ਟੀ.ਐਕਟ 2009 ਅਧੀਨ ਮਾਨਤਾ ਲਈ ਹੈ ਪ੍ਰੰਤੂ ਸਰਕਾਰ/ਵਿਭਾਗ ਪਾਸੋ ਐਨ.ਓ.ਸੀ. ਨਹੀ ਪ੍ਰਾਪਤ ਕੀਤੀ ਗਈ ਤਾ ਐਨ.ਓ.ਸੀ ਪ੍ਰਾਪਤ ਕਰਨ ਲਈ ਸਰਕਾਰ/ ਵਿਭਾਗ ਵੱਲੋ ਇੱਕ ਸਾਲ ਦਾ ਸਮਾਂ ਦਿੱਤਾ ਗਿਆ ਹੈ । (ਕਾਪੀ ਨਾਲ ਨੱਥੀ ਹੈ)

ਜੇਕਰ ਫਿਰ ਵੀ ਆਪ ਵੱਲੋ ਨਿਸ਼ਚਿਤ ਸਮੇ ਤੱਕ ਸਰਕਾਰ/ਵਿਭਾਗ ਪਾਸੋ ਐਨ.ਓ.ਸੀ. ਨਹੀ ਲਈ ਜਾਦੀ ਤਾਂ ਆਪ ਦੀ ਆਰ.ਟੀ.ਐਕਟ 2009 ਅਧੀਨ ਦਿੱਤੀ ਮਾਨਤਾ ਰੱਦ ਕਰਨ ਲਈ ਅਗਲੇਰੀ ਯੋਗ ਕਾਰਵਾਈ ਆਰੰਭੀ ਜਾਵੇਗੀ ।

ਨੱਥੀ: ਉਕਤ ਅਨੁਸਾਰ

ਜਿਲ੍ਹਾ ਸਿੱਖਿਆ ਅਫਸਰ(ਸੈ:ਸਿ)
ਜਲੰਧਰ ।

ਪਿੱਠ ਅੰਕਣ ਨੰ ਅਤੇ ਮਿਤੀ ਉਹੀ

ਉਤਾਰਾ ਜਿਲ੍ਹਾ ਸਿੱਖਿਆ ਅਫਸਰ (ਐ:ਸਿ) ਜਲੰਧਰ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਆਰ.ਟੀ.ਐਕਟ 2009 ਅਧੀਨ ਮਾਨਤਾ ਦੇਣ ਤੋ ਪਹਿਲਾ ਸਕੂਲਾਂ ਤੋ ਸਰਕਾਰ ਪਾਸੋ ਐਨ.ਓ.ਸੀ ਦੀ ਕਾਪੀ ਮੰਗਣ ਦੀ ਕ੍ਰਿਪਾਲਤਾ ਕੀਤੀ ਜਾਵੇ ਤਾ ਜ਼ੋ ਸਰਕਾਰ ਦੇ ਪੱਤਰ ਦੀ ਇੰਨ ਬਿੰਨ ਪਾਲਣਾ ਕੀਤੀ ਜਾ ਸਕੇ ਜੀ ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)
ਜਲੰਧਰ ।